# ਤੇਜ਼ੀ ਨਾਲ ਵਧਦੀ ਪੈਦਾਵਾਰ ਦੇ ਬਾਵਜੂਦ ਵੀ ਲੋਕਾਂ ਦੀਆਂ ਲੋੜਾਂ ਕਿਉਂ ਨਹੀਂ ਪੂਰੀਆਂ ਹੁੰਦੀਆਂ?

ਅਜ ਕਲ ਹਰ ਪਾਸੇ ਸ਼ੋਰ ਹੈ ਕਿ ਹਿੰਦੁਸਤਾਨ ਦੀ ਆਰਥਿਕਤਾ ਦੇ ਹਰ ਖੇਤਰ ਵਿਚ ਪੈਦਾਵਾਰ ਬਹੁਤ ਵੱਧ ਰਹੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਮੁਤਾਬਿਕ ਹਿੰਦੁਸਤਾਨ ਵਿਚ ਪੈਦਾਵਾਰ ਵਿਚ ਵਾਧਾ ਦਸ ਫੀ ਸਦੀ ਸਾਲਾਨਾ ਦੇ ਹਿਸਾਬ ਨਾਲ ਹੋ ਰਿਹਾ ਹੈ ਅਤੇ ਆਉਣ ਵਾਲੇ ਕਈ ਸਾਲਾਂ ਤੱਕ ਵਾਧੇ ਦੀ ਇਹ ਦਰ ਜਾਰੀ ਰਹੇਗੀ। ਸੱਟਾ ਬਾਜ਼ਾਰ ਵੀ ਗਿਆਰਾਂ ਹਜ਼ਾਰ ਦੇ ਅੰਕ ਤਕ ਪਹੁੰਚ ਗਿਆ ਹੈ। ਸਨਅਤਾਂ ਅਤੇ ਖੇਤੀ ਬਾੜੀ ਦੀ ਪੈਦਾਵਾਰ ਵੀ ਕਾਫ਼ੀ ਵਧੀ ਦਸੀ ਜਾਂਦੀ ਹੈ। ਸ਼ਹਿਰਾਂ ਵਿਚ ਨਵੀਆਂ ਸੜਕਾਂ, ਮੈਟਰੋ ਰੇਲਾਂ, ਵੱਡੇ ਵੱਡੇ ਸ਼ਾਪਿੰਗ ਮਾਲ, ਹੋਰ ਆਲੀਸ਼ਾਨ ਇਮਾਰਤਾਂ ਅਤੇ ਕਈ ਤਰਾਂ ਦੇ ਹੋਰ ਤਾਮੀਰੀ ਕੰਮ ਚਲ ਰਹੇ ਹਨ। ਹਿੰਦੁਸਤਾਨੀ ਅਤੇ ਬਾਹਰਲੇ ਮੁਲਕਾਂ ਦੇ ਮੀਡੀਏ ਨੇ ਹਰ ਪਾਸੇ ਰੌਲਾ ਪਾਇਆ ਹੋਇਆ ਹੈ ਕਿ ਆਉਣ ਵਾਲੇ ਸਾਲਾਂ ਵਿਚ ਹਿੰਦੁਸਤਾਨ ਪੈਦਾਵਾਰ ਦੇ ਲਿਹਾਜ਼ ਨਾਲ ਚੀਨ ਤੋਂ ਵੀ ਅਗਾਂਹ ਨਿਕਲ ਜਾਵੇਗਾ। ਇਹ ਸਾਰਾ ਸ਼ੋਰ ਸ਼ਰਾਬਾ ਸਹਿਜੇ ਹੀ ਇਹ ਭੁਲੇਖਾ ਪਾ ਸਕਦਾ ਹੈ ਕਿ ਹਿੰਦੁਸਤਾਨ ਹੁਣ ਖ਼ੁਸ਼ਹਾਲੀ ਦੀਆਂ ਸਿਖਰਾਂ ਛੋਹਣ ਹੀ ਵਾਲਾ ਹੈ।

ਚਲੰਤ ਮੀਡੀਏ ਦੀਆਂ ਸੁਰਖ਼ੀਆਂ ਵਿਚ ਵਿਚ ਇਹ ਝਲਕ ਸ਼ਾਇਦ ਕਦੇ ਕਦਾਈਂ ਹੀ ਮਿਲਦੀ ਹੈ ਕਿ ਹਿੰਦੁਸਤਾਨ ਦੇ ਆਮ ਲੋਕਾਂ ਦੀ ਜ਼ਿੰਦਗੀ ਦੀ ਅਸਲੀਅਤ ਕੀ ਹੈ। ਹਿੰਦੁਸਤਾਨ ਵਿਚ ਰਹਿਣ ਵਾਲੇ 75 ਫੀ ਸਦੀ ਲੋਕਾਂ ਨੂੰ ਤਾਂ ਦਿਨ ਵਿਚ ਘੱਟੋ ਘੱਟ ਮੁਕੱਰਰ ਕੀਤੀ ਗਈ ਕੈਲਰੀ ਵਾਲਾ ਖਾਣਾ ਵੀ ਨਹੀਂ ਮਿਲਦਾ। ਇਹ ਅੰਦਾਜ਼ਾ ਸਰਕਾਰ ਦੇ ਇਕ ਅਦਾਰੇ ***ਨੈਸ਼ਨਲ ਸੈਂਪਲ ਸਰਵੇ*** ਨੇ ਲਾਇਆ ਹੈ। ਅਸਲੀਅਤ ਵਿਚ ਇਹ ਗਿਣਤੀ ਇਸ ਤੋਂ ਵੱਧ ਵੀ ਹੋ ਸਕਦੀ ਹੈ। ਮੁਲਕ ਦੀ ਰਾਜਧਾਨੀ ਦਿੱਲੀ ਵਿਚ ਵੀ ਲੋਕਾਂ ਨੂੰ ਪੀਣ ਦਾ ਪਾਣੀ ਦਿਨ ਵਿਚ ਸਿਰਫ਼ ਇਕ ਘੰਟਾ ਸਵੇਰੇ ਅਤੇ ਇਕ ਘੰਟਾ ਸ਼ਾਮ ਨੂੰ ਮਿਲਦਾ ਹੈ। ਜੇ ਹਿੰਦੁਸਤਾਨ ਦੀ ਰਾਜਧਾਨੀ ਦਾ ਇਹ ਹਾਲ ਹੈ ਤਾਂ ਬਾਕੀ ਸ਼ਹਿਰਾਂ ਅਤੇ ਪਿੰਡਾ ਦੀ ਹਾਲਤ ਕੀ ਹੋਵੇਗੀ? ਦਸਿਆ ਜਾਂਦਾ ਹੈ ਕਿ ਹਿੰਦੁਸਤਾਨ ਦੇ ਦੋ ਲੱਖ ਪਿੰਡਾਂ ਵਿਚ ਪੀਣ ਲਈ ਸਾਫ਼ ਪਾਣੀ ਦੀ ਕੋਈ ਸਹੂਲਤ ਮੁਹੱਈਆ ਨਹੀਂ ਹੈ।

ਪੰਜਾਬ ਨੂੰ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਖ਼ੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਏਥੇ ਪੈਦਾਵਾਰ ਕਈ ਗੁਣਾਂ ਵਧਣ ਦੇ ਬਾਵਜੂਦ ਵੀ ਇਥੋਂ ਦੇ ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ ਅਤੇ ਪਿੰਡਾ ਦੇ ਪਿੰਡ ਕਰਜ਼ੇ ਦੀ ਜਕੜ ਵਿਚ ਹਨ। ਕਈ ਪਿੰਡ ਤਾਂ ਵਿਕਣ ਲਈ ਲੱਗੇ ਹੋਏ ਹਨ। ਆਮ ਆਦਮੀ ਨੂੰ ਗੁੱਲੀ, ਕੁੱਲੀ ਅਤੇ ਜੁੱਲੀ ਦਾ ਫ਼ਿਕਰ ਦਿਨ ਰਾਤ ਸਤਾਉਂਦਾ ਹੈ। ਇਕ ਪਾਸੇ ਪੈਦਾਵਾਰ ਵੱਧ ਰਹੀ ਹੈ ਦੂਜੇ ਪਾਸੇ ਗਰੀਬੀ ਅਤੇ ਭੁੱਖ ਵੱਧ ਰਹੀ ਹੈ। ਇਹ ਕਿਹੋ ਜਿਹਾ ਟੋਰਾ ਹੈ?

ਇਹ ਕਿਸੇ ਗੈਬੀ ਤਾਕਤ ਦਾ ਅਸਰ ਜਾਂ ਕੋਈ ਇਤਫ਼ਾਕੀਆ ਗੱਲ ਨਹੀਂ ਹੈ। ਇਹ ਲਿਬਰਲ ਡਿਵੈਲਪਮੈਂਟ ਦੇ ਰਾਹ ਪੈਣ ਦਾ ਹੀ ਨਤੀਜਾ ਹੈ ਜੋ ਰਾਹ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਨੇ ਚਿਰਾਂ ਤੋਂ ਫੜਿਆ ਹੋਇਆ ਹੈ। ਡਿਵੈਲਪਮੈਂਟ ਦੇ ਇਸ ਨਮੂਨੇ ਤਹਿਤ ਲੋਕਾਂ ਦੀ ਮਿਹਨਤ, ਕੁਦਰਤੀ ਸਾਧਨ ਅਤੇ ਹੋਰ ਵਸੀਲੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਬਲਕਿ ਹਾਕਮ ਜਮਾਤਾਂ ਦੇ ਮੁਨਾਫ਼ੇ ਵਧਾਉਣ ਲਈ ਵਰਤੇ ਜਾਂਦੇ ਹਨ। ਹਾਕਮ ਜਮਾਤਾਂ ਰਾਜ ਤੰਤ੍ਰ ਅਤੇ ਮੰਡੀ ਰਾਹੀਂ ਲੋਕਾਂ ਕੋਲੋਂ ਉਨ੍ਹਾਂ ਦੀ ਕੁਦਰਤੀ ਸਾਧਨਾਂ ਬਾਰੇ ਫੈਸਲੇ ਕਰਨ ਦੀ ਤਾਕਤ ਖੋਹ ਲੈਂਦੀਆਂ ਹਨ ਅਤੇ ਆਪਣੀ ਮੁੱਠੀ ਵਿਚ ਕਰ ਲੈਂਦੀਆਂ ਹਨ। ਹਾਕਮ ਜਮਾਤਾਂ ਜਦੋਂ ਇਕ ਵਾਰ ਇਹ ਫੈਸਲੇ ਇਹ ਆਪਣੀ ਮੁੱਠੀ ਵਿਚ ਕਰ ਲੈਂਦੀਆਂ ਹਨ ਤਾਂ ਫੇਰ ਲੋਕਾਂ ਦੀਆਂ ਲੋੜਾਂ ਦੀ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ ਰਹਿੰਦੀ। ਅਰਥਚਾਰੇ ਵਿਚ ਸਾਰੀ ਪੈਦਾਵਾਰ ਵੱਧ ਤੋਂ ਵੱਧ ਨਿਜੀ ਮੁਨਾਫ਼ੇ ਕਮਾਉਣ ਲਈ ਹੀ ਕੀਤੀ ਜਾਂਦੀ ਹੈ। ਇਸ ਨਾਲ ਇਕ ਪਾਸੇ, ਪੈਦਾਵਾਰ ਬਹੁਤ ਵੱਧ ਜਾਂਦੀ ਹੈ ਅਤੇ ਦੂਜੇ ਪਾਸੇ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਮਤਲਬ ਇਹ ਕਿ ਪੈਦਾਵਾਰ ਵਧਣ ਦੇ ਬਾਵਜੂਦ ਲੋਕ ਵਿਹੂਣੇ ਰਹਿੰਦੇ ਹਨ, ਤੰਗੀਆਂ ਤੇ ਤਰੁਟੀਆਂ ਦਾ ਸ਼ਿਕਾਰ ਬਣੇ ਰਹਿੰਦੇ ਹਨ। ਇਕ ਪਾਸੇ ਦੌਲਤ ਵਧਦੀ ਹੈ ਤਾਂ ਦੂਜੇ ਪਾਸੇ ਗਰੀਬੀ ਅਤੇ ਭੁੱਖ ਵਧਦੀ ਹੈ।

ਹਿੰਦੁਸਤਾਨ ਵਿਚ ਇਹ ਤੌਰ ਤਰੀਕਾ ਅੰਗ੍ਰੇਜ਼ ਦੇ ਰਾਜ ਦੇ ਸਮੇਂ ਤੋਂ ਹੀ ਚਲ ਰਿਹਾ ਹੈ। ਅੰਗ੍ਰੇਜ਼ ਨੇ ਹਿੰਦੁਸਤਾਨ ਤੇ ਕਬਜ਼ਾ ਕਰਕੇ ਹਿੰਦੁਸਤਾਨ ਦੇ ਸਾਰੇ ਕੁਦਰਤੀ ਸਾਧਨ ਆਪਣੇ ਕੰਟਰੋਲ ਹੇਠ ਕਰ ਲਏ ਅਤੇ ਆਪਣੇ ਮੁਨਾਫ਼ਿਆਂ ਲਈ ਪੈਦਾਵਾਰ ਨੂੰ ਖ਼ੂਬ ਵਧਾਇਆ। ਫੇਰ ਪੈਦਾਵਾਰ ਦੀ ਲੁਟ ਦੇ ਮਾਲ ਨੂੰ ਬਰਤਾਨੀਆ ਭੇਜਣ ਲਈ ਸੜਕਾਂ, ਨਹਿਰਾਂ, ਰੇਲਵੇ, ਬਿਜਲੀ, ਤਾਰਾਂ ਅਤੇ ਹੋਰ ਤਕਨੀਕ ਉਨਤ ਕੀਤੀ ਅਤੇ ਫੇਰ ਇਸ ਤਕਨੀਕ ਨੂੰ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਮਿਹਨਤ ਦੀ ਲੁੱਟ ਹੋਰ ਤੇਜ਼ ਕਰਨ ਲਈ ਹੀ ਵਰਤਿਆ। ਅੰਗਰੇਜ਼ ਦੇ ਸਮੇਂ ਦੀ ਇਸ "ਤਰੱਕੀ" ਦਾ ਨਤੀਜਾ ਹਿੰਦੁਸਤਾਨ ਦੇ ਲੋਕਾਂ ਲਈ ਇਹ ਹੋਇਆ ਸੀ ਕਿ ਉਸ ਵੇਲੇ ਕਰੋੜਾਂ ਹੀ ਲੋਕ ਕਾਲ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਗਏ ਸਨ।

1947 ਦੇ ਬਾਅਦ ਵੀ ਅੰਗਰੇਜ਼ਾਂ ਵਲੋਂ ਕਾਇਮ ਕੀਤਾ ਗਿਆ ਰਾਜ ਤੰਤ੍ਰ ਅਤੇ ਅਰਥਚਾਰਾ ਹੀ ਕਾਇਮ ਰਿਹਾ ਅਤੇ ਪਿਛਲੇ 49 ਸਾਲਾਂ ਵਿਚ ਹਿੰਦੁਸਤਾਨ ਦੀ ਹਰ ਸਰਕਾਰ ਅੰਗਰੇਜ਼ਾਂ ਦੇ ਦੱਸੇ ਇਸੇ ਰਾਹ ਤੁਰਦੀ ਰਹੀ ਹੈ। ਕਦੇ ਇਹਨੂੰ ਨਹਿਰੂ ਦੇ ਸਮਾਜਵਾਦ ਦੇ ਨਾਂ ਹੇਠ ਚਲਦਾ ਰੱਖਿਆ ਗਿਆ ਤੇ ਕਦੇ ਇੰਦਰਾ ਗਾਂਧੀ ਦੇ ਗਰੀਬੀ ਹਟਾਉਣ ਦੇ ਨਾਅਰੇ ਹੇਠ। ਭਾਜਪਾ ਨੇ ਵੀ ਸਵਦੇਸ਼ੀ ਦੇ ਨਾਅਰੇ ਹੇਠ ਇਸੇ ਰਾਹ ਦਾ ਹੀ ਪੈਂਡਾ ਕੀਤਾ ਤੇ ਹੁਣ ਮਨਮੋਹਨ ਸਿੰਘ ਤੇ ਉਹਦੇ ਜੋਟੀਦਾਰ ਵੀ ਖੁੱਲ੍ਹੀ ਮੰਡੀ ਤੇ ਡੀਵੈਲਪਮੈਂਟ ਦੇ ਮੰਤਰ ਦਾ ਜਾਪ ਕਰਦੇ ਹੋਏ ਇਸੇ ਰਾਹ ਤੇ ਹੀ ਜਾ ਰਹੇ ਹਨ। ਪੱਛਮੀ ਬੰਗਾਲ ਵਿਚ ਕਾਮਰੇਡਾਂ ਦੇ ਰਾਜ ਵਿਚ ਵੀ ਏਸੇ ਰਾਹ ਦੇ ਸਫ਼ਰ ਦਾ ਆਨੰਦ ਮਾਣਿਆਂ ਜਾ ਰਿਹਾ ਹੈ ਤੇ ਇਸ ਰਾਹ ਤੇ ਤੁਰਨ ਨੂੰ ਹਰ ਬਿਮਾਰੀ ਦਾ ਇਲਾਜ ਦਸਿਆ ਜਾ ਰਿਹਾ ਹੈ।

ਇਹ ਤੌਰ ਤਰੀਕਾ ਪਿਛਲੇ ਦਸ-ਪੰਦਰਾਂ ਸਾਲਾਂ ਤੋਂ ਹੋਰ ਵੀ ਤੇਜ਼ ਹੋਇਆ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਰਾਜ ਤੰਤ੍ਰ ਅਤੇ ਸਰਕਾਰ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਮਿਹਨਤ ਲੁੱਟ ਕਰਨ ਲਈ ਅਤੇ ਆਪਣੇ ਮੁਨਾਫ਼ੇ ਵਧਾਉਣ ਵਿਚ ਸਫ਼ਲਤਾ ਹਾਸਲ ਕਰਨ ਲਈ ਲਈ ਸਾਰੀ ਦੁਨੀਆ ਦੇ ਲੋਟੂਆਂ ਨਾਲ ਭਾਈਵਾਲੀ ਪਾ ਰਹੀਆਂ ਹਨ ਤੇ ਉਨ੍ਹਾਂ ਨੂੰ ਹਿੰਦੁਸਤਾਨ ਵਿਚ ਆਉਣ ਲਈ ਨੂੰ ਜੀ ਆਇਆਂ ਨੂੰ ਕਹਿ ਰਹੇ ਹਨ। ਜਾਰਜ ਬੁਸ਼, ਟੋਨੀ ਬਲੇਅਰ ਅਤੇ ਲੋਟੂਆਂ ਦੀਆਂ ਢਾਣੀਆਂ ਦੇ ਹੋਰ ਸਰਦਾਰਾਂ ਨੂੰ ਇਸ ਲੁੱਟ ਵਿਚ ਸ਼ਰੀਕ ਕਰਨ ਲਈ ਸਰਕਾਰ ਜੱਫੀਆਂ ਪਾ ਰਹੀ ਹੈ। ਦਲੀਲ ਇਹ ਦਿਤੀ ਜਾਂਦੀ ਹੈ ਕਿ ਇਨ੍ਹਾਂ ਦੇ ਬਗੈਰ ਹਿੰਦੁਸਤਾਨ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ ਅਤੇ ਪੈਦਾਵਾਰ ਵੱਧ ਨਹੀਂ ਸਕਦੀ। ਸਪੱਸ਼ਟ ਹੈ ਕਿ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਇਨ੍ਹਾਂ ਦੀਆਂ ਸਿਆਸੀ ਪਾਰਟੀਆਂ, ਇਨ੍ਹਾਂ ਦਾ ਰਾਜ ਤੰਤਰ ਅਤੇ ਇਨ੍ਹਾਂ ਦੀਆਂ ਸਰਕਾਰਾਂ ਹਿੰਦੁਸਤਾਨ ਦੇ ਲੋਕਾਂ ਦੀ ਲੁਟ ਕਰਨ ਲਈ ਹਰ ਹੱਦ ਤੋਂ ਬਾਹਰ ਜਾਣ ਲਈ ਤਿਆਰ ਬਰ ਤਿਆਰ ਹਨ।

ਪਰ ਲੋਕਾਂ ਦਾ ਮਸਲਾ ਇਹ ਹੈ ਕਿ ਬੇਸ਼ੱਕ ਇਕ ਪਾਸੇ ਪੈਦਾਵਾਰ ਵੱਧ ਰਹੀ ਹੈ ਪਰ ਦੂਜੇ ਪਾਸੇ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਇਕ ਪਾਸੇ ਡੀਵੈਲਪਮੈਂਟ ਦਾ ਸ਼ੋਰ ਹੈ ਤੇ ਦੂਜੇ ਪਾਸੇ ਲੋਕਾਂ ਕੋਲ ਪੀਣ ਦਾ ਪਾਣੀ ਨਹੀਂ ਖਾਣ ਲਈ ਰੋਟੀ ਨਹੀਂ, ਤਨ ਢਕਣ ਲਈ ਕੱਪੜਾ ਤੇ ਸਿਰ ਤੇ ਛੱਤ ਨਹੀਂ। ਲੋਕ ਇਹ ਮਸਲੇ ਕਿਸ ਤਰਾਂ ਹੱਲ ਕਰ ਸਕਦੇ ਹਨ? ਇਸ ਮਸਲੇ ਦੇ ਹੱਲ ਲਈ ਲੋਕਾਂ ਨੂੰ ਪਹਿਲਾਂ ਤਾਂ ਇਹ ਗੱਲ ਸਮਝਣੀ ਪਵੇਗੀ ਕਿ ਉਨ੍ਹਾਂ ਦੇ ਕੁਦਰਤੀ ਸਾਧਨਾਂ ਅਤੇ ਮਿਹਨਤ ਦੇ ਫਲ ਦੇ ਫੈਸਲੇ ਕਰਨ ਦੇ ਹੱਕ ਉਨ੍ਹਾਂ ਦੇ ਹੱਥਾਂ ਵਿਚ ਨਹੀਂ। ਇਹ ਹੱਕ ਉਨ੍ਹਾਂ ਕੋਲੋਂ ਹਾਕਮ ਜਮਾਤਾਂ ਨੇ ਜਬਰਦਸਤੀ ਖੋਹ ਲਏ ਹਨ। ਲੋਕਾਂ ਨੂੰ ਹਾਲੇ ਵੀ ਇਕ ਭੁਲੇਖਾ ਦਿੱਤਾ ਜਾਂਦਾ ਹੈ ਕਿ ਚੁਣੇ ਹੋਏ ਨੁਮਾਇੰਦਿਆਂ ਦੇ ਰਾਜ ਵਾਲੀ ਪ੍ਰਣਾਲੀ, ਜਿਹਦੀ ਬੁਨਿਆਦ ਅੰਗਰੇਜ਼ ਬਸਤੀਵਾਦੀਆਂ ਦਾ ਹਿੰਦੁਸਤਾਨ ਵਿਚ ਠੋਸਿਆ ਹੋਇਆ ਰਾਜ ਤੰਤਰ ਹੈ, ਉਨ੍ਹਾਂ ਦੇ ਹੱਥਾਂ ਵਿਚ ਕੋਈ ਫੈਸਲੇ ਕਰਨ ਦੀ ਸ਼ਕਤੀ ਦਿੰਦੀ ਹੈ। ਪਰ ਆਮ ਲੋਕਾਂ ਵਿਚ ਇਹ ਚੇਤਨਾ ਪਸਰ ਰਹੀ ਹੈ ਕਿ ਭਾਵੇ ਕੋਈ ਵੀ ਬੰਦਾ ਜਾਂ ਸਿਆਸੀ ਪਾਰਟੀ ਤਾਕਤ ਵਿਚ ਆ ਜਾਵੇ ਕੋਈ ਵੀ ਫੈਸਲਾ ਲੋਕਾਂ ਦੇ ਹੱਥ ਵਿਚ ਨਹੀਂ। ਪਾਕਿਸਤਾਨ ਵਿਚ ਪਿਛਲੇ 50 ਸਾਲਾਂ ਤੋਂ ਵੀ ਜ਼ਿਆਦਾ ਦਾ ਫੌਜੀ ਰਾਜ ਵੀ ਇਹੋ ਦੱਸਦਾ ਹੈ ਕਿ ਭਾਵੇ ਪਾਰਟੀ ਰਾਜ ਦੀ ਸਰਕਾਰ ਹੋਵੇ ਜਾਂ ਫੌਜੀ ਰਾਜ ਦੀ ਸਰਕਾਰ, ਲੋਕਾਂ ਦੇ ਹੱਥ ਵਿਚ ਕੋਈ ਤਾਕਤ ਨਹੀਂ ਫੈਸਲੇ ਕਰਨ ਦੀ। ਇਹ ਫੈਸਲੇ ਇਕ ਗਿਣੀ ਮਿਥੀ ਸਕੀਮ ਨਾਲ ਉਨ੍ਹਾਂ ਦੇ ਹੱਥਾਂ ਵਿਚੋਂ ਖੋਹ ਲਏ ਗਏ ਹਨ।

ਲੋਕ ਫਿਰ ਮੁੜ ਕੇ ਇਹ ਫੈਸਲੇ ਆਪਣੇ ਹੱਥਾਂ ਵਿਚ ਕਿਸ ਤਰਾਂ ਲੈ ਸਕਦੇ ਹਨ? ਪ੍ਰਜਾ ਆਪਣੀ ਖੁੱਸੀ ਹੋਈ ਤਾਕਤ ਕਿਸ ਤਰਾਂ ਵਾਪਿਸ ਆਪਣੇ ਹੱਥ ਵਿਚ ਲੈ ਸਕਦੀ ਹੈ? ਕੀ ਇਹ ਮੁਮਕਿਨ ਹੈ ਜਾਂ ਫੇਰ ਇਹ ਤਾਕਤ ਹਮੇਸ਼ਾ ਹਮੇਸ਼ਾ ਲਈ ਤਾਂ ਖੁੱਸ ਨਹੀਂ ਗਈ ਹੈ? ਪੰਜਾਬੀ ਦਰਸ਼ਨ ਅਤੇ ਤਾਰੀਖ਼ ਇਹ ਦੱਸਦੇ ਹਨ ਕਿ ਇਹ ਸਾਰੇ ਰਿਸ਼ਤੇ, ਅਦਾਰੇ ਅਤੇ ਤੰਤ੍ਰ ਇਨਸਾਨ ਨੇ ਹੀ ਬਣਾਏ ਹਨ। ਇਹ ਕੁਦਰਤ ਜਾਂ ਕਿਸੇ ਗੈਬੀ ਤਾਕਤ ਵਲੋਂ ਨਹੀਂ ਬਣਾਏ ਗਏ ਹਨ ਜਿਹੜੇ ਕਿ ਬਦਲੇ ਨਹੀਂ ਜਾ ਸਕਦੇ। ਇਨਸਾਨ ਇਨ੍ਹਾਂ ਨੂੰ ਆਪਣੀਆਂ ਲੋੜਾਂ ਮੁਤਾਬਿਕ ਬਦਲ ਵੀ ਸਕਦਾ ਹੈ। ਤਬਦੀਲੀ ਕੁਦਰਤ ਦਾ ਨੇਮ ਹੈ। ਅੱਜ ਇਨ੍ਹਾਂ ਰਿਸ਼ਤਿਆਂ, ਅਦਾਰਿਆਂ ਅਤੇ ਤੰਤ੍ਰ ਨੂੰ ਤਬਦੀਲ ਕਰਕੇ ਹਿੰਦੁਸਤਾਨ ਦਾ ਕਾਇਆਂ ਕਲਪ ਕਰਨ ਦੀ ਲੋੜ ਹੈ। ਇਨ੍ਹਾਂ ਸਾਰੇ ਮਸਲਿਆਂ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਕੇ ਲੋਕਾਂ ਨੂੰ ਇਕ ਸਾਂਝੀ ਯੁੱਧਨੀਤੀ ਬਣਾਉਣ ਦੀ ਲੋੜ ਹੈ।

ਇਕ ਗੱਲ ਯਕੀਨੀ ਹੈ ਕਿ ਜਿਨ੍ਹਾਂ ਚਿਰ ਲੋਕ ਇਹ ਮਸਲੇ ਆਪਣੇ ਹੱਥ ਵਿਚ ਨਹੀਂ ਲੈਂਦੇ ਉੱਨਾਂ ਚਿਰ ਇਨ੍ਹਾਂ ਦਾ ਹੱਲ ਮੁਮਕਿਨ ਨਹੀਂ। ਅੱਜ ਹਿੰਦੁਸਤਾਨ ਵਿਚ ਕੋਈ ਵੀ ਪਾਰਟੀ ਤਾਕਤ ਵਿਚ ਆ ਕੇ ਇਸ ਮਸਲੇ ਨੂੰ ਹੱਲ ਨਹੀਂ ਕਰ ਸਕਦੀ। ਪਾਰਟੀ ਰਾਜ ਮਸਲੇ ਦਾ ਹਿੱਸਾ ਹੈ, ਇਹਦਾ ਹੱਲ ਨਹੀਂ। ਸਿਰਫ਼ ਲੋਕ ਹੀ ਸਾਰੇ ਫੈਸਲੇ ਆਪਣੇ ਹੱਥ ਲੈ ਕੇ ਪੈਦਾਵਾਰ ਵਧਾ ਕੇ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ। ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਹਿੰਦੁਸਤਾਨ ਦੇ ਲੋਕਾਂ ਦੀ ਖੁਸ਼ਹਾਲੀ ਦੇ ਹਰ ਚਾਹਵਾਨ ਨੂੰ ਇਸ ਅਹਿਮ ਮਸਲੇ ਬਾਰੇ ਸੋਚਣ ਦੀ ਲੋੜ ਹੈ ਅਤੇ ਇਕ ਰਣ-ਨੀਤੀ ਤਿਆਰ ਕਰਨ ਦੀ ਲੋੜ ਹੈ।